# NEW POLICY OF GURU HARGOBIND JI MAJOR CAUSES

## ਗੁਰੂ ਹਰਗੋਬਿੰਦ ਜੀ ਦੀ ਨਵੀਂ ਨੀਤੀ ਮੁੱਖ ਕਾਰਨ


DASTAAN-E-
MIRI PIRI


# ਜਾਣ–ਪਹਿਚਾਣ (1)
# Introduction

ਹਰਗੋਬਿੰਦ ਜੀ ਨੇ ਗੁਰੂ ਪਦ ਦੀ ਪ੍ਰਾਪਤੀ ਦੇ ਛੇਤੀ ਪਿੱਛੋਂ ਨਵੀਂ ਨੀਤੀ ਬਣਾਈ। ਉਹਨਾਂ ਤੇ ਪੰਜ ਪੂਰਵ-ਅਧਿਕਾਰੀ ਤਾਂ ਪੁਰਣ ਰੂਪ ਵਿਚ ਧਾਰਮਿਕ ਅਤੇ ਅਧਿਆਤਮਿਕ ਕੰਮਾਂ ਵਿੱਚ ਲੀਨ ਰਹਿੰਦੇ ਸਨ। ਪ੍ਰੰਤੂ ਛੇਵੇਂ ਗੁਰੂ ਸਾਹਿਬ ਨੇ ਸਿੱਖਾਂ ਦੀ ਧਾਰਮਿਕ ਅਤੇ ਅਧਿਆਤਮਕ ਮਾਮਲਿਆਂ ਦੇ ਨਾਲ-ਨਾਲ ਉਨ੍ਹਾਂ ਦੀ ਰਾਜਨੀਤਕ ਮਾਮਲਿਆਂ ਵਿੱਚ ਅਗਵਾਈ ਕਰਨੀ ਆਰੰਭ ਕਰ ਦਿੱਤੀ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸੰਤ ਅਤੇ ਸਿਪਾਹੀ ਦੋਵੇਂ ਬਣਾਉਣ ਦੀ ਕੋਸ਼ਿਸ਼ ਕੀਤੀ।



# ਜਾਣ–ਪਹਿਚਾਣ (2)
# Introduction

- ਇਸ ਨੀਤੀ ਨੂੰ ਅਪਨਾਉਣ ਦਾ ਪ੍ਰਮੁੱਖ ਕਾਰਨ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਹੀ ਮੰਨਿਆ ਜਾਂਦਾ ਹੈ। ਅਸਲ ਵਿੱਚ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੱਕ ਕੁਝ ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ ਪੈਦਾ ਹੋ ਰਹੀਆਂ ਸਨ, ਜਿਨ੍ਹਾਂ ਨੇ ਗੁਰੂ ਹਰਗੋਬਿੰਦ ਸਾਹਿਬ ਨੂੰ ਨਵੀਂ ਨੀਤੀ ਅਪਣਾਉਣ ਲਈ ਮਜਬੂਰ ਕੀਤਾ।



# ਸਿੱਖ ਧਰਮ ਦੀ ਵਿਚਾਰਧਾਰਾ

# ideology of Sikhism

ਗੁਰੂ ਹਰਗੋਬਿੰਦ ਸਾਹਿਬ ਦੀ ਨੀਤੀ ਨੂੰ ਪੂਰਨ ਰੂਪ ਵਿੱਚ ਨਵੀ ਨਹੀਂ ਆਖਿਆ ਜਾ ਸਕਦਾ ਇਸ ਨੀਤੀ ਦੇ ਬੀਜ ਉਨ੍ਹਾਂ ਤੋਂ ਪਹਿਲਾ ਸੀ ਸਿੱਖ ਧਰਮ ਦੀ ਵਿਚਾਰਧਾਰਾ ਵਿਚ ਵਿਦਮਾਨ ਸਨ। ਪਹਿਲੇ ਸਿੱਖ ਗੁਰੂ ਨਾਨਕ ਦੇਵ ਜੀ ਨੇ ਰਾਜਨੀਤੀ ਪ੍ਰਤੀ ਨਿਰਲੇਪਤਾ ਨਹੀਂ ਵਿਖਾਈ ਸੀ। ਉਨ੍ਹਾਂ ਨੇ ਉਸ ਸਮੇਂ ਦੇ ਜ਼ਾਲਮ ਰਾਜਿਆਂ ਅਤੇ ਭ੍ਰਿਸ਼ਟਾਚਾਰੀ ਅਧਿਕਾਰੀਆਂ ਦਾ ਜੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ। ਬਾਬਰ ਦੁਆਰਾ ਲਚਾਰ ਪੁਰਸ਼ਾਂ ਅਤੇ ਇਸਤਰੀਆਂ ਉਤੇ ਕੀਤੇ ਗਏ ਅਤਿਆਚਾਰਾਂ ਤੇ ਵੀ ਉਨ੍ਹਾਂ ਨੇ ਦੁੱਖ ਪ੍ਰਗਟ ਕੀਤਾ ਅਤੇ ਇਸ ਬਾਰੇ ਆਪਣੀ ਬਾਣੀ ਵਿਚ ਇਸ਼ਵਰ ਅਗੇ ਗ਼ਿਲਾ ਕੀਤਾ। ਉਨ੍ਹਾਂ ਨੇ ਕਿਹਾ ਨਿਆਂ ਕਰਨਾ ਹਾਕਮਾਂ ਦਾ ਪ੍ਰਮੁੱਖ ਕਰਤੱਵ ਹੈ। ਉਹ ਅਨਿਆਈ ਹਾਕਮਾਂ ਅਗੇ ਸਿਰ ਝੁਕਾਉਣਾ ਕਾਇਰਤਾ ਸਮਝਦੇ ਸਨ। ਗੁਰੂ ਹਰਗੋਬਿੰਦ ਸਾਹਿਬ ਨੇ ਨਵੀਆਂ ਪ੍ਰਸਥਿਤੀਆਂ ਤੋਂ ਮਜਬੂਰ ਹੋ ਕੇ ਧਰਮ ਦੀ ਰੱਖਿਆ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਹੀ ਅਮਲੀ ਰੂਪ ਦਿਤਾ।



# ਗੁਰੂ ਹਰਗੋਬਿੰਦ ਜੀ ਤੋਂ ਪਹਿਲਾਂ ਸਿੱਖ ਧਰਮ ਦਾ ਵਿਕਾਸ (1)

# development of Sikhism before Guru Hargobind Ji

- ਗੁਰੂ ਹਰਗੋਬਿੰਦ ਸਾਹਿਬ ਤੋਂ ਪਹਿਲਾਂ ਦੂਜੇ ਤੀਜੇ ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨਾਂ ਨੇ ਸਿੱਖ ਧਰਮ ਦੇ ਵਿਕਾਸ ਲਈ ਅਨੇਕਾਂ ਕੰਮ ਕੀਤੇ ਸਨ। ਗੋਇੰਦਵਾਲ,ਅਮ੍ਰਿਤਸਰ,ਤਰਨਤਾਰਨ ਅਤੇ ਕਰਤਾਰਪੁਰ ਸਿੱਖਾਂ ਦੇ ਤੀਰਥ ਸਥਾਨ ਕਾਇਮ ਕੀਤੇ ਗਏ ਸਨ। ਲੰਗਰ, ਸੰਗਤ,ਮੰਜੀ ਅਤੇ ਮਸੰਦ ਆਦਿ ਸੰਸਥਾਵਾਂ ਨੇ ਸਿੱਖ ਧਰਮ ਦੇ ਵਿਕਾਸ ਵਿੱਚ ਮਹੱਤਵਪੂਰਨ ਹਿੱਸਾ ਪਾਇਆ ਸੀ। ਗੁਰੂ ਸਾਹਿਬ ਨੂੰ ਧਰਮ ਪ੍ਰਚਾਰ ਲਈ ਕਾਫ਼ੀ ਮਾਤਰਾ ਵਿੱਚ ਧਨ ਪ੍ਰਾਪਤ ਹੋਣ ਲੱਗਾ ਸੀ। ਆਪਣੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਸਿੱਖਾਂ ਨੇ ਘੋੜਿਆਂ ਦਾ ਵਪਾਰ ਕਰਕੇ ਕਾਫੀ ਧਨ ਕਮਾਉਣ ਲੱਗ ਪਏ ਸਨ। ਇਸ ਤਰ੍ਹਾਂ ਉੱਘੇ ਵਪਾਰੀ ਹੋਣ ਦੇ ਨਾਲ-ਨਾਲ ਚੰਗੇ ਘੋੜ-ਸਵਾਰ ਵੀ ਬਣ ਗਏ ਸਨ। ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਨਾਲ ਸਿੱਖਾਂ ਨੂੰ ਪਵਿੱਤਰ ਧਾਰਮਿਕ ਗ੍ਰੰਥ ਪ੍ਰਾਪਤ ਹੋ ਗਿਆ ਸੀ।



# ਗੁਰੂ ਹਰਗੋਬਿੰਦ ਜੀ ਤੋਂ ਪਹਿਲਾਂ ਸਿੱਖ ਧਰਮ ਦਾ ਵਿਕਾਸ (2)

# development of Sikhism before Guru harbovind Ji



ਸਿੱਖ ਧਰਮ ਦੀ ਨਿੱਤ ਵਧ ਰਹੇ ਲੋਕਪ੍ਰਿਅਤਾ ਕਾਰਨ ਹਿੰਦੂ ਅਤੇ ਮੁਸਲਮਾਨ ਸਿੱਖਾਂ ਤੋਂ ਈਰਖਾ ਕਰਨ ਲੱਗ ਪਏ ਸਨ। ਸਿੱਖ ਧਰਮ ਸਿੱਖ ਤੀਰਥਾ-ਅਸਥਾਨਾਂ ਅਤੇ ਗੁਰੂ ਗ੍ਰੰਥ ਸਾਹਿਬ ਦੀ ਰੱਖਿਆ ਕਰਨੀ ਅਤਿ ਆਵਸ਼ਕ ਸੀ ਇਨ੍ਹਾਂ ਹਾਲਾਤਾਂ ਵਿੱਚ ਸਿੱਖ ਸੰਪਰਦਾ ਦਾ ਸ਼ਸਤਰਧਾਰੀ ਹੋਣਾ ਸੁਭਾਵਿਕ ਹੀ ਸੀ

ਡਾਕਟਰ ਤਰਲੋਚਨ ਸਿੰਘ ਦੇ ਮੱਤ ਅਨੁਸਾਰ, ਸਿੱਖਾਂ ਨੂੰ ਸੈਨਿਕ ਸਿੱਖਿਆ ਦੇਣ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਹੀ ਅਰੰਭ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਅਨੁਭਵ ਕਰ ਲਿਆ ਸੀ,ਕਿ ਭਿਆਨਕ ਸਮਾਂ ਸਮਾਂ ਨੇੜੇ ਆ ਰਿਹਾ ਹੈ ਉਹਨਾਂ ਨੇ ਨਾ ਕੇਵਲ ਹਰਗੋਬਿੰਦ ਜੀ ਅਤੇ ਉਹਨਾਂ ਦੀ ਉਮਰ ਦੇ ਹੋਰ ਬਾਲਕਾਂ ਨੂੰ ਸਿੱਖਿਆ ਦਿੱਤੀ ਸਗੋਂ ਕਈ ਹੋਰ ਯੋਧਿਆਂ ਨੂੰ ਵੀ ਹਰਗੋਬਿੰਦ ਸਾਹਿਬ ਦੀ ਸੈਨਾ ਤਿਆਰ ਕਰਨ ਲਈ ਲਗਾਇਆ।

# ਮੁਗਲ ਸਰਕਾਰ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ (1)

# Mughal government policy of religious intolerance

ਮੁਗ਼ਲ ਸਮਰਾਟ ਅਕਬਰ ਧਾਰਮਿਕ ਵਿਚਾਰਾਂ ਵਿਚ ਬੜਾ ਸਹਿਣਸ਼ੀਲ ਸੀ ਅਤੇ ਸਿੱਖ ਗੁਰੂਆਂ ਨਾਲ ਉਸਦੇ ਮਿੱਤਰਤਾਪੂਰਨ ਸਬੰਧ ਸਥਾਪਤ ਰਹੇ। ਪੰਜਵੇਂ ਗੁਰੂ ਸਾਹਿਬ ਦੇ ਵਿਰੋਧੀਆਂ ਨੇ ਅਕਬਰ ਨੂੰ ਗੁਰੂ ਸਾਹਿਬ ਵਿਰੁੱਧ ਉਕਸਾਉਣ ਤੇ ਬਹੁਤ ਯਤਨ ਕੀਤੇ ਪ੍ਰੰਤੂ ਉਧਾਰ ਮੁਗਲ ਸਮਰਾਟ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਨਿਰਾਧਾਰ ਸਮਝਿਆ ਅਤੇ ਗੁਰੂ ਸਾਹਿਬ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। 1605 ਈਸਵੀ ਵਿੱਚ ਅਕਬਰ ਦੀ ਮੌਤ ਦੇ ਨਾਲ ਹੀ ਮੁਗਲ ਸਰਕਾਰ ਦੀ ਧਾਰਮਿਕ ਸਹਿਨਸ਼ੀਲਤਾ ਦੀ ਨੀਤੀ ਦਾ ਅੰਤ ਹੋ ਗਿਆ।



# ਮੁਗਲ ਸਰਕਾਰ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ (1)

# Mughal government policy of religious intolerance

- ਨਵਾਂ ਮੁਗਲ ਬਾਦਸ਼ਾਹ ਜਹਾਂਗੀਰ ਅਕਬਰ ਵਾਂਗ ਉਦਾਰ ਵਿਚਾਰਾਂ ਦਾ ਸ਼ਾਸ਼ਕ ਨਹੀਂ ਸੀ। ਉਸ ਨੇ ਮੁਸਲਿਮ ਕੱਟੜਪੰਥੀਆਂ ਦੀ ਸਹਾਇਤਾ ਨਾਲ ਰਾਜਗੱਦੀ ਪ੍ਰਾਪਤ ਕੀਤੀ ਸੀ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਹੀ ਉਸਨੇ ਗੁਰੂ ਸਾਹਿਬ ਵਿਰੁੱਧ ਕਾਰਵਾਈ ਕਰਨ ਦਾ ਨਿਸ਼ਚਾ ਕੀਤਾ। ਆਪਣੀ ਧਾਰਮਿਕ ਕੱਟੜਤਾ ਅਤੇ ਤੰਗਦਿਲੀ ਕਾਰਨ ਉਹ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਹੇਠ ਸਿੱਖ ਧਰਮ ਦੀ ਨਿੱਤ ਵਧ ਰਹੀ ਲੋਕ ਪ੍ਰਿਅਤਾ ਨੂੰ ਬਰਦਾਸ਼ਤ ਨਾ ਕਰ ਸਕਿਆ। ਮੁਗਲ ਸਰਕਾਰ ਦੀ ਧਾਰਮਿਕ ਅਸਹਿਨਸ਼ੀਲਤਾ ਦੀ ਨੀਤੀ ਦੇ ਕਾਰਨ ਸਿੱਖ ਧਰਮ ਨੂੰ ਖ਼ਤਰਾ ਪੈਦਾ ਹੋ ਗਿਆ ਸੀ। ਇਸ ਅਵਸਥਾ ਵਿੱਚ ਆਤਮ ਰੱਖਿਆ ਲਈ ਸਿੱਖ ਸੰਪਰਦਾ ਵਿੱਚ ਪਰਿਵਰਤਨ ਲਿਆਉਣਾ ਅਤਿ ਜ਼ਰੂਰੀ ਹੋ ਗਿਆ ਸੀ।



ਜਹਾਂਗੀਰ
ਸ਼ਾਸਨ ਕਾਲ: 1605–1627 ਈ.



# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (1)
## martyrdom of Guru Arjan Dev

ਮੁਗਲ ਸਮਰਾਟ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਉਤੇ ਲਾਈਆਂ ਗਈਆਂ ਝੂਠੀਆਂ ਗੱਲਾਂ ਦੀ ਕੋਈ ਵੀ ਜਾਂਚ ਪੜਤਾਲ ਨਹੀਂ ਕੀਤੀ ਗਈ ਸੀ ਅਸਲ ਵਿਚ ਜੇ ਦੇਖਿਆ ਜਾਵੇ ਤਾਂ ਉਹਨਾਂ ਦਾ ਅਪਰਾਧ ਇਹੋ ਸੀ ਕੇ ਉਹ ਸਿੱਖਾਂ ਦੇ ਹਰਮਨ ਪਿਆਰੇ ਗੁਰੂ ਸਨ ਅਤੇ ਉਨ੍ਹਾਂ ਦੇ ਗੁਰੂ ਕਾਲ ਵਿੱਚ ਸਿੱਖ ਧਰਮ ਦਾ ਬੜੀ ਤੇਜੀ ਨਾਲ਼ ਵਿਕਾਸ ਹੋ ਰਿਹਾ ਸੀ



# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ (2)

## martyrdom of Guru Arjan Dev

ਉਹਨਾਂ ਦੀ ਸ਼ਹੀਦੀ ਨਾਲ ਸਿੱਖਾਂ ਵਿਚ ਗ਼ਮ ਤੇ ਗੁੱਸੇ ਦੀ ਲਹਿਰ ਫੈਲ ਗਈ ਜਿੱਥੇ ਉਨ੍ਹਾਂ ਨੂੰ ਇਸਦਾ ਦੁਖ ਹੋਇਆ ਉਥੇ ਉਨ੍ਹਾਂ ਦੇ ਮਨ ਵਿਚ ਗੁਰੂ ਅਤੇ ਧਰਮ ਲਈ ਸ਼ਰਧਾ ਬਹੁਤ ਵੱਧ ਗਈ। ਉਹਨਾਂ ਨੇ ਆਪਣੇ ਨਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਅਗਵਾਈ ਹੇਠ ਧਰਮ ਦੀ ਰੱਖਿਆ ਲਈ ਆਪਣੇ ਹੱਥਾਂ ਵਿੱਚ ਸ਼ਾਸਤਰ ਚੁੱਕ ਲੈਣ ਦਾ ਨਿਸ਼ਚਾ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਗੁਰੂ ਹਰਗੋਬਿੰਦ ਸਾਹਿਬ ਦੁਆਰਾ ਨਵੀਂ ਨੀਤੀ ਅਪਣਾਉਣ ਦਾ ਪ੍ਰਮੁੱਖ ਕਾਰਨ ਸੀ।



# ਗੁਰੂ ਅਰਜਨ ਸਾਹਿਬ ਦਾ ਅੰਤਮ ਸੁਨੇਹਾ

# parting message of Guru Arjan

ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਆਪਣੇ ਪੁੱਤਰ ਤੇ ਉਤਰਾਧਿਕਾਰੀ ਗੁਰੂ ਹਰਗੋਬਿੰਦ ਜੀ ਨੂੰ ਆਪਣੇ ਕੁੱਝ ਸ਼ਰਧਾਲੂ ਸਿੱਖਾਂ ਰਾਹੀਂ ਇਹ ਸੁਨੇਹਾ ਭੇਜਿਆ ਸੀ ਕਿ ਉਸ ਨੂੰ ਸ਼ਸ਼ਤਰਾਂ ਨਾਲ ਸ਼ੁਸ਼ੋਬਿਤ ਗੁਰਗੱਦੀ ਉੱਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਪਿਤਾ ਜੀ ਦੇ ਹੁਕਮਾਂ ਨੂੰ ਅਮਲੀ ਰੂਪ ਦੇਣ ਲਈ ਨਵੀਂ ਨੀਤੀ ਅਪਣਾਈ। ਜਦੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਉੱਤੇ ਬੈਠਣ ਦੇ ਮੌਕੇ ਤੇ ਭਾਈ ਬੁੱਢਾ ਜੀ ਉਹਨਾਂ ਲਈ ਵਿਧੀ ਅਨੁਸਾਰ ਸ਼ੈਲੀ ਅਤੇ ਦਸਤਾਰ ਲੈ ਕੇ ਆਏ ਤਾਂ ਗੁਰੂ ਸਾਹਿਬ ਨੇ ਤੁਰੰਤ ਕਿਹਾ ਮੇਰੀ ਸੇਲ੍ਹੀ ਅਤੇ ਦਸਤਾਰ ਲੈ ਕੇ ਆਏ ਤਾਂ ਗੁਰੂ ਸਾਹਿਬ ਨੇ ਕਿਹਾ ਮੇਰੀ ਸੇਲ੍ਹੀ ਤਲਵਾਰ ਗਾਤਰਾ ਹੋਵੇਗੀ ਅਤੇ ਮੈਂ ਰਾਜਸੀ ਠਾਠ ਨਾਲ ਦਸਤਾਰ ਸਜਾਵਾਂਗਾ। ਕਨਿੰਘਮ ਦੇ ਕਥਨ ਅਨੁਸਾਰ," ਹਰਗੋਬਿੰਦ ਦੀ ਪ੍ਰਵਿਰਤੀ ਅਤੇ ਪ੍ਰਸਥਿਤੀਆਂ ਦੋਹਾਂ ਨੇ ਉਨ੍ਹਾਂ ਨੂੰ ਨਵੀਂ ਨੀਤੀ ਅਪਨਾਉਣ ਲਈ ਪ੍ਰੇਰਿਆ।,"



# ਜੱਟਾਂ ਦਾ ਯੋਗਦਾਨ

# contribution of Jats

ਗੁਰੂ ਅਰਜਨ ਦੇਵ ਜੀ ਦੇ ਸਮੇਂ ਬਹੁਤ ਵੱਡੀ ਸੰਖਿਆ ਵਿੱਚ ਮਾਝਾ ਅਤੇ ਦੁਆਬਾ ਪ੍ਰਦੇਸ਼ ਦੇ ਜੱਟਾਂ ਨੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ ਸੀ। ਜੱਟਾਂ ਦੇ ਸੁਭਾਅ ਵਿੱਚ ਕੁਝ ਵਿਸ਼ੇਸ਼ ਗੁਣ ਪਾਏ ਜਾਂਦੇ ਸਨ। ਇਹ ਲੋਕ ਬੜੇ ਬਹਾਦਰ ਦਲੇਰ ਨਿਡਰ ਤੇ ਸੁਤੰਤਰਤਾ ਪ੍ਰੇਮੀ ਸਨ। ਕਿਸੇ ਉੱਤੇ ਅੱਤਿਆਚਾਰ ਕਰਨਾਂ ਅਤੇ ਕਿਸੇ ਪ੍ਰਕਾਰ ਦਾ ਅੱਤਿਆਚਾਰ ਸਹਿਣ ਕਰਨਾ ਉਨ੍ਹਾਂ ਦੇ ਸੁਭਾਹ ਦੇ ਉਲਟ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨ ਉਨ੍ਹਾਂ ਦਾ ਖ਼ੂਨ ਖੌਲਣ ਲੱਗ ਪਿਆ। ਉਹਨਾਂ ਨੇ ਨਾ ਕੇਵਲ ਗੁਰੂ ਹਰਗੋਬਿੰਦ ਸਾਹਿਬ ਨੂੰ ਨਵੀਂ ਨੀਤੀ ਅਪਨਾਉਣ ਲਈ ਮਜਬੂਰ ਕੀਤਾ ਸਗੋਂ ਧਰਮ ਦੀ ਰੱਖਿਆ ਲਈ ਸ਼ਸ਼ਤਰ ਚੁਕਣ ਵਿੱਚ ਵੀ ਸਭ ਤੋਂ ਅੱਗੇ ਆਏ। ਜੱਟਾਂ ਦਾ ਸਿੱਖ ਧਰਮ ਵਿਚ ਪ੍ਰਵੇਸ਼ ਨਿਰਸੰਦੇਹ ਬਹੁਤ ਮਹੱਤਵਪੂਰਨ ਸਿੱਧ ਹੋਇਆ ਇਨ੍ਹਾਂ ਲੋਕਾਂ ਨੇ ਆਪਣੀ ਵਿਸ਼ੇਸ਼ ਸੁਭਾਅ ਤੇ ਸਭਿਆਚਾਰਕ ਸਦਕਾ ਸਿੱਖ ਧਰਮ ਨੂੰ ਵਿਸ਼ੇਸ਼ ਸਰੂਪ ਦੇਣ ਵਿਚ ਹਿੱਸਾ ਪਾਇਆ।



# ਸਿੱਟਾ

# Conclusion

ਗੁਰੂ ਹਰਗੋਬਿੰਦ ਸਾਹਿਬ ਦੀ ਨਵੀਂ ਨੀਤੀ ਦੇ ਕਾਰਨ ਸਿੱਖ ਕੌਮ ਸ਼ਸਤਰਧਾਰੀ ਹੋ ਗਈ ਅਤੇ ਮੁਗਲ ਸਰਕਾਰ ਗੁਰੂ ਸਾਹਿਬ ਦੀ ਵਧਦੀ ਹੋਈ ਸ਼ਕਤੀ ਦੇ ਕਾਰਨ ਉਹਨਾ ਨੂੰ ਦਬਾਉਣ ਲਈ ਤਿਆਰ ਹੋ ਗਈ। ਉਹਨਾ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰ ਲਿਆ ਅਤੇ ਮੁਗਲ ਸਮਰਾਟ ਸ਼ਾਹਜਹਾਨ ਦੇ ਸਮੇਂ ਗੁਰੂ ਸਾਹਿਬ ਨੂੰ ਮੁਗਲਾਂ ਨਾਲ਼ ਚਾਰ ਯੁੱਧ ਵੀ ਲੜਨੇ ਪਏ। ਗੁਰੂ ਹਰਗੋਬਿੰਦ ਸਾਹਿਬ ਜੀ ਦੀ ਇਸ ਨੀਤੀ ਨਾਲ਼ ਸਿੱਖ ਕੌਮ ਨੂੰ ਸਦਾ ਲਈ ਸ਼ਸਤਰਧਾਰੀ ਅਤੇ ਨਿਡਰ ਕੌਮ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ।








**PROF. JASWINDER SINGH**
**HEAD, PG DEPT. OF HISTORY**

AKAL DEGREE COLLEGE MASTUANA SAHIB